**ਕੈਂਪੀਅਨ ਸਕੂਲ (Campion School)**
Sydenham Drive, Leamington Spa, Warwickshire, CV31 1QH
ਟੈਲੀਫੋਨ: 01926 743200 ਫੈਕਸ: 01926 743201 ਈਮੇਲ: head@campion.warwickshire.sch.uk
ਵੈਬ: www.campion.warwickshire.sch.uk
ਮੁੱਖ ਸਿੱਖਿਅਕ: ਜੱਸਾ ਪਨੇਸਰ (Jassa Panesar) BSc, NPQH

1 ਫਰਵਰੀ 2022

ਪਿਆਰੇ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ

ਮੈਂ ਉਸ ਸਕਾਰਾਤਮਕ ਸ਼ੁਰੂਆਤ ਤੋਂ ਬਹੁਤ ਖੁਸ਼ ਹਾਂ ਜੋ ਵਿਦਿਆਰਥੀਆਂ ਨੇ ਬਸੰਤ ਮਿਆਦ ਲਈ ਕੀਤੀ ਹੈ। ਉਹ ਆਪਣੇ ਕ੍ਰਿਸਮਸ ਬ੍ਰੇਕ ਤੋਂ ਉਤਸ਼ਾਹ ਭਰਪੂਰ ਅਤੇ ਸਿੱਖਣ ਲਈ ਤਿਆਰ ਵਾਪਸ ਪਰਤੇ ਹਨ।

ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ, ਇੰਗਲੈਂਡ ਨੇ ਕੋਰੋਨਾਵਾਇਰਸ ਪਾਬੰਦੀਆਂ ਦੇ ਸਬੰਧ ਵਿੱਚ ਪਲੈਨ ਏ ਮੁੜ ਤੋਂ ਸ਼ੁਰੂ ਕੀਤਾ ਹੈ। ਇਸ ਵਿੱਚ ਚਿਹਰੇ ਦੇ ਮਾਸਕ ਪਹਿਨਣ ਦੀ ਜ਼ਰੂਰਤ ਨੂੰ ਹਟਾਉਣਾ ਸ਼ਾਮਲ ਹੈ। ਹਾਲਾਂਕਿ, ਕੇਸਾਂ ਦੀ ਗਿਣਤੀ ਅਜੇ ਵੀ ਵੱਧ ਹੈ, ਅਤੇ ਇਸ ਲਈ ਇਹ ਯਕੀਨੀ ਬਣਾਉਣ ਲਈ ਕਿ ਵਿਦਿਆਰਥੀ ਉੱਚ ਪੱਧਰੀ ਸਿੱਖਿਆ ਪ੍ਰਾਪਤ ਕਰਨਾ ਜਾਰੀ ਰੱਖ ਸਕਣ ਅਤੇ ਵਿਦਿਆਰਥੀਆਂ ਨੂੰ ਕਵਰ ਅਧਿਆਪਕਾਂ ਦੁਆਰਾ ਪੜ੍ਹਾਏ ਜਾਣ ਦੀ ਲੋੜ ਨੂੰ ਘੱਟ ਕਰਨ ਲਈ, ਸਕੂਲ ਹੇਠਾਂ ਦਿੱਤੇ ਉਪਾਵਾਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖੇਗਾ:

- ਵਿਦਿਆਰਥੀਆਂ ਅਤੇ ਸਟਾਫ ਵਲੋਂ ਜਨਤਕ ਖੇਤਰਾਂ ਵਿੱਚ ਚਿਹਰੇ ਦੇ ਮਾਸਕ ਪਹਿਨਣਾ ਜਾਰੀ ਰੱਖਣਾ;
- ਸਕੂਲ ਦੇ ਆਲੇ-ਦੁਆਲੇ ਹੈਂਡ ਸੈਨੀਟਾਈਜ਼ਰ ਦੀ ਵਿਵਸਥਾ ਸਮੇਤ ਹੱਥਾਂ ਦੀ ਨਿਯਮਤ ਸਫਾਈ ਨੂੰ ਉਤਸ਼ਾਹਿਤ ਕਰਨਾ;
- ਜਦੋਂ ਵੀ ਸੰਭਵ ਹੋਵੇ, ਵਿਦਿਆਰਥੀਆਂ ਨੂੰ ਸਮਾਜਕ ਦੂਰੀਆਂ ਦਾ ਪਾਲਣ ਕਰਨ ਲਈ ਦੁਪਹਿਰ ਦੇ ਖਾਣੇ ਦੇ ਸਮੇਂ ਮੈਦਾਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਮੈਂ ਤੁਹਾਨੂੰ ਸਕੂਲ ਦੇ ਵਿਸਤਾਰ ਪ੍ਰੋਜੈਕਟ ਬਾਰੇ ਅਪਡੇਟ ਵੀ ਕਰਨਾ ਚਾਹਾਂਗਾ ਜੋ ਵਿਦਿਆਰਥੀਆਂ ਦੇ ਵਿਦਿਅਕ ਪ੍ਰਬੰਧ ਨੂੰ ਹੋਰ ਵਧਾਏਗਾ। ਨਵਾਂ ਛੇਵਾਂ ਫਾਰਮ ਬਲਾਕ ਅਤੇ ਨਵਾਂ ਸਪੋਰਟਸ ਹਾਲ ਬਹੁਤ ਵਧੀਆ ਢੰਗ ਨਾਲ ਅੱਗੇ ਵਧ ਰਿਹਾ ਹੈ ਅਤੇ ਸਮੇਂ ਅਨੁਸਾਰ ਹੈ; ਵਿਦਿਆਰਥੀਆਂ ਕੋਲ ਹੁਣ ਬਿਲਕੁਲ ਨਵਾਂ ਡਰਾਮਾ ਸਟੂਡੀਓ ਉਪਲਬਧ ਹੈ ਅਤੇ ਜਲਦੀ ਉਹਨਾਂ ਨੂੰ ਇੱਕ ਨਵੇਂ ਸਿਰੇ ਤੋਂ ਬਣਿਆ ਅੰਗਰੇਜ਼ੀ ਵਿਭਾਗ ਉਪਲਬਧ ਹੋਵੇਗਾ। ਵਿਸਤਾਰ ਪ੍ਰੋਜੈਕਟ ਦੌਰਾਨ ਹੋਏ ਸਾਰੇ ਵਿਘਨ ਲਈ ਦਿਖਾਏ ਧੀਰਜ ਲਈ ਤੁਹਾਡਾ ਧੰਨਵਾਦ ਅਤੇ ਨਾਲ ਹੀ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਕੈਂਪੀਅਨ ਸਕੂਲ ਵਿੱਚ ਹੋਣਾ ਇੱਕ ਬਹੁਤ ਵਧੀਆ ਅਨੁਭਵ ਹੈ।

ਅੰਤ ਵਿੱਚ, ਮੈਂ ਸੱਚਮੁੱਚ ਖੁਸ਼ ਹਾਂ ਕਿ ਸਾਡੇ ਸਾਲ 10 ਅਤੇ 12 ਦੇ ਸਾਰੇ ਵਿਦਿਆਰਥੀਆਂ ਨੂੰ ਮਾਰਚ ਵਿੱਚ ਵਰਕ ਐਕਸਪੀਰਿਐਂਸ ਵਿੱਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਜੇਕਰ ਤੁਸੀਂ ਪਲੇਸਮੈਂਟ ਲੱਭਣ ਲਈ ਕੋਈ ਸਹਾਇਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਮਾਈਕ ਵਿਲਸਨ, ਕਰੀਅਰ ਸਲਾਹਕਾਰ (MichaelW4@campion.warwickshire.sch.uk) ਨਾਲ ਸੰਪਰਕ ਕਰੋ।

ਇੱਕ ਵਾਰ ਫਿਰ, ਮੈਂ ਤੁਹਾਡੇ ਨਿਰੰਤਰ ਸਹਿਯੋਗ ਲਈ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼ੁਭਕਾਮਨਾਵਾਂ
*(ਦਸਤਖਤ)*
ਜੱਸਾ ਪਨੇਸਰ (JASSA PANESAR)
ਮੁੱਖ ਸਿੱਖਿਅਕ